# ਦਫਤਰ ਜਿਲਾ ਸਿੱਖਿਆ ਅਫਸਰ (ਸੈਸਿ) ਮਾਨਸਾ

ਵੱਲ:-

ਸਮੂਹ ਸਕੂਲ ਮੁੱਖੀ
ਸਰਕਾਰੀ , ਪ੍ਰਾਈਵੇਟ, ਏਡਿਡ
ਜਿਲਾ ਮਾਨਸਾ

ਪੱਤਰ ਨੰ: ਜੀ1 /1 () ਕੋਵਿਡ /2021 96679
ਮਿਤੀ ਮਾਨਸਾ :18/3/2021

ਵਿਸਾ:- ਕੋਵਿਡ 19 ਦੇ ਵੈਕਸੀਨੇਸ਼ਨ ਸਬੰਧੀ।

ਉਪਰੋਕਤ ਵਿਸੇ ਦੇ ਸਬੰਧ ਵਿੱਚ ਮਾਣਯੋਗ ਡਿਪਟੀ ਕਮਿਸ਼ਨਰ ਮਾਨਸਾ ਜੀ ਵਲੋ ਮਿਤੀ 18/3/21 ਨੂੰ ਹੋਈ ਮੀਟਿੰਗ ਵਿੱਚ ਦੱਸਿਆ ਗਿਆ ਕਿ ਸਰਕਾਰ ਵਲੋ ਅਧਿਆਪਕਾਂ ਨੂੰ ਫਰੰਟ ਲਾਇਨ ਵਰਕਰ ਵਿੱਚ ਸਾਮਿਲ ਕੀਤਾ ਗਿਆ ਹੈ। ਇਸ ਲਈ ਮੀਟਿੰਗ ਵਿੱਚ ਫੈਸਲਾਂ ਕੀਤਾ ਗਿਆ ਕਿ ਸਿੱਖਿਆ ਵਿਭਾਗ ਵਿੱਚ ਕੰਮ ਕਰ ਰਹੇ ਅਧਿਆਪਕ ਅਤੇ ਸਟਾਫ ਦੀ ਕੋਵਿਡ ਵੈਕਸੀਨੇਸ਼ਨ / ਟੀਕਾਕਰਨ ਕਰਵਾਈ ਜਾਣੀ ਚਾਹੀਦੀ ਹੈ ਕਿਉਂਕਿ ਇਹ ਸਟਾਫ ਅਤੇ ਵਿਦਿਆਰਥੀਆਂ ਦੀ ਸਿਹਤ ਲਈ ਬਹੁਤ ਜਰੂਰੀ ਹੈ।

ਇਸ ਦੇ ਨਾਲ ਹੀ ਵਿਦਿਆਰਥੀਆਂ ਨੂੰ ਪ੍ਰੇਰਿਤ ਕੀਤਾ ਜਾਵੇ ਕਿ ਉਹ ਆਪਣੇ ਪਰਿਵਾਰਕ ਮੈਬਰਾਂ ਜਿਨਾਂ ਦੀ ਉਮਰ 60 ਸਾਲ ਤੋ ਵੱਧ ਹੈ ਜਾਂ 45 ਤੋ 59 ਸਾਲ ਤੱਕ ਜਿਨਾਂ ਨੂੰ ਕੋਈ ਵੀ ਬੀਮਾਰੀ ਹੈ ,ਨੂੰ ਵੈਕਸੀਨੇਸ਼ਨ ਲਈ ਪ੍ਰੇਰਿਤ ਕੀਤਾ ਜਾਵੇ।

ਇਸ ਸਬੰਧੀ ਆਪਣੇ ਨਜਦੀਕ ਦੇ ਸਿਹਤ ਕੇਦਰ ਵਿੱਚ ਵੈਕਸੀਨੇਸ਼ਨ / ਟੀਕਾਕਰਣ ਕਰਵਾਇਆ ਜਾਵੇ ਅਤੇ ਇਸ ਦੀ ਰਿਪੋਰਟ ਇਸ ਦਫਤਰ ਦੀ ਈ ਮੇਲ ਆਈ ਡੀ deose.mansa@punjabeducation.gov.in ਤੇ ਭੇਜਣੀ ਯਕੀਨੀ ਬਣਾਈ ਜਾਵੇ।

18/03/21
ਜਿਲਾ ਸਿੱਖਿਆ ਅਫਸਰ (ਸੈਸਿ)
ਮਾਨਸਾ

ਪਿੱਠ ਅੰਕਣ ਨੰਬਰ-ਉਕਤ
ਮਿਤੀ-18.3.2021

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ-

- ਮਾਨਯੋਗ ਡਿਪਟੀ ਕਮਿਸ਼ਨਰ ਮਾਨਸਾ।
- ਸਿਵਲ ਸਰਜਨ ਮਾਨਸਾ।

ਜਿਲਾ ਸਿੱਖਿਆ ਅਫਸਰ (ਸੈਸਿ)
ਮਾਨਸਾ